# ਰਿਪੋਰਟ

# ਸ. ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ (ਸ਼.ਭ.ਸ. ਨਗਰ) ਵਿਖੇ

# 'ਨਸ਼ਾ ਮੁਕਤ ਪੰਜਾਬ, ਜਾਗਰੂਕਤਾ ਸੈਮੀਨਾਰ'

ਕਾਲਜ ਦੇ ਪ੍ਰਿੰਸੀਪਲ ਸ੍ਰੀਮਤੀ ਗੀਤਾਂਜਲੀ ਸ਼ਰਮਾ ਦੀ ਅਗਵਾਈ ਹੇਠ ਡਾਇਰੈਕਟਰ ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ National Action Plan For Drug Demand Reduction ਅਧੀਨ ਮਿਤੀ 24 ਜੁਲਾਈ 2025 ਨੂੰ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸਫਲ ਬਣਾਉਣ ਲਈ ਅਤੇ ਇਸ ਸੰਬੰਧੀ ਜਾਗਰੂਕਤਾ ਪੈਦਾ ਕਰਨ ਲਈ ਇਕ ਸੈਮੀਨਾਰ ਆਯੋਜਿਤ ਕੀਤਾ ਗਿਆ।

ਇਸ ਸੈਮੀਨਾਰ ਦੇ ਦੌਰਾਨ ਸਟੇਜ ਦਾ ਸੰਚਾਲਨ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਹਰਿੰਦਰਜੀਤ ਸਿੰਘ ਦੁਆਰਾ ਕੀਤਾ ਗਿਆ। ਉਨ੍ਹਾਂ ਨੇ ਕਾਲਜ ਵਿਖੇ ਆਏ ਮੁੱਖ ਮਹਿਮਾਨ ਸ੍ਰੀ ਪ੍ਰਵੀਨ ਕੁਮਾਰ ਜੀ ਏ.ਐੱਸ.ਆਈ. ਦਾ ਸਵਾਗਤ ਕੀਤਾ। ਪ੍ਰੋਫੈਸਰ ਹਰਿੰਦਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ  ਸਮਾਜ ਵਿਚ ਫੈਲੇ ਨਸ਼ੇ ਦੇ ਕੋਹੜ ਸੰਬਧੀ ਜਾਗਰੂਕ ਕੀਤਾ। ਨਸ਼ਾ ਛਡਾਊ ਕੇਂਦਰਾਂ ਵਿਚ ਨੌਜਵਾਨਾਂ ਦੀ ਦੁਰਦਸ਼ਾ ਨੂੰ ਵੀ ਬਿਆਨ ਕੀਤਾ ਕਿ ਉਹ ਕਿਵੇਂ ਨਸ਼ੇ ਦੀ ਦਲਦਲ ਵਿਚ ਧੱਸਦੇ ਜਾ ਰਹੇ ਹਨ। ਸਰਕਾਰ ਵੱਲੋਂ ਨਸ਼ਾ ਛਡਾਉਣ ਲਈ ਦਿੱਤੀਆਂ ਜਾ ਰਹੀਆਂ ਦਵਾਈਆਂ ਦਾ ਨਸ਼ੇੜੀ ਕਿਵੇਂ ਗਲਤ ਪ੍ਰਯੋਗ ਕਰ ਰਹੇ ਹਨ।

ਇਸ ਤੋਂ ਬਾਅਦ ਸ੍ਰੀ ਪ੍ਰਵੀਨ ਕੁਮਾਰ ਜੀ ਏ.ਐੱਸ.ਆਈ. ਨੇ  ਕਿਹਾ ਕਿ ਅੱਜ ਦੇ ਸਮੇਂ ਵਿਚ ਨਸ਼ੇ ਬਹੁਤ ਮਾਤਰਾ ਵਿਚ ਵੱਧ ਰਹੇ ਹਨ। ਜਿਸ ਕਾਰਨ ਅਪਰਾਧਾਂ ਵਿਚ ਵੀ ਵਾਧਾ ਹੋ ਰਿਹਾ ਹੈ। ਉਨ੍ਹਾ ਨੇ ਕਾਲਜ ਵਿਚ ਨਵੇਂ ਦਖਲ ਹੋਏ ਸਟੂਡੈਂਟਸ ਨੂੰ ਮਾੜੀ ਸੰਗਤ ਤੋਂ ਦੂਰ ਰਹਿਣ ਲਈ ਕਿਹਾ ਅਤੇ ਚੰਗੇ ਦੋਸਤਾਂ ਦੀ ਪਹਿਚਾਣ ਬਾਰੇ ਜਾਗਰੂਕ ਕੀਤਾ। ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦੇ ਹੋਏ ਉਨ੍ਹਾਂ ਕਿਹਾ ਕਿ ਤੁਹਾਡੇ ਆਲੇ ਦੁਆਲੇ ਜੋ ਲੋਕ ਨਸ਼ਿਆਂ ਵਿਚ ਗ੍ਰਸਤ ਹਨ ਤੁਸੀਂ ਉਨਾਂ ਲੋਕਾਂ ਨੂੰ ਸੁਚਤੇ ਕਰੋ। ਸ੍ਰੀ ਪ੍ਰਵੀਨ ਕੁਮਾਰ ਜੀ ਏ.ਐੱਸ.ਆਈ. ਨੇ ਵਿਦਿਆਥੀਆਂ ਨੂੰ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਕਰਨ ਬਾਰੇ ਵੀ ਜਾਗਰੂਕ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹੇਲਮੇਟ ਦੀ ਫੁਲ ਫਾਰਮ (HELMET) Head Ears Lips Mouth Eyes Teeth ਬਾਰੇ ਦੱਸ ਕੇ ਇਸ ਦੀ ਮਹੱਤਤਾ ਬਾਰੇ ਸਮਝਾਇਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਆਪਣੇ ਮਾਪਿਆਂ ਨੂੰ ਵੀ ਆਵਾਜਾਈ ਦੇ ਨਿਯਮਾਂ ਸੰਬੰਧੀ ਜਾਗਰੂਕ ਕਰਨ।

ਸੈਮੀਨਾਰ ਦੇ ਅੰਤ ਵਿਚ ਮੁੱਖ ਮਹਿਮਾਨ ਸ੍ਰੀ ਪ੍ਰਵੀਨ ਕੁਮਾਰ ਜੀ ਏ.ਐੱਸ.ਆਈ. ਦਾ ਧੰਨਵਾਦ ਕੀਤਾ ਗਿਆ। ਇਸ ਸੈਮੀਨਾਰ ਵਿਚ ਕਾਲਜ ਸਟਾਫ ਮੈਂਬਰਜ਼ ਪ੍ਰੋਫੈਸਰ ਪ੍ਰਿਆ ਬਾਵਾ ਪ੍ਰੋਫੈਸਰ ਸੋਨੀਆ, ਪ੍ਰੋਫੈਸਰ ਜਸਵਿੰਦਰ ਰੱਲ, ਪ੍ਰੋਫੈਸਰ  ਨੇਹਾ ਰਾਣੀ, ਪ੍ਰੋਫੈਸਰ ਹਰਿੰਦਰਜੀਤ ਸਿੰਘ, ਪ੍ਰੋਫੈਸਰ ਪਰਮਜੀਤ ਕੌਰ ਅਤੇ ਪ੍ਰੋਫੈਸਰ ਪ੍ਰਿਅੰਕਾ ਅਤੇ ਕਾਲਜ ਦੇ ਵਿਦਿਆਰਥੀ ਹਾਜ਼ਰ ਸਨ।

ਸ. ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ (ਸ਼.ਭ.ਸ. ਨਗਰ) ਵਿਖੇ 'ਨਸ਼ਾ ਮੁਕਤ ਪੰਜਾਬ, ਜਾਗਰੂਕਤਾ ਸੈਮੀਨਾਰ' ਦੀਆਂ ਤਸਵੀਰਾਂ






ਸ. ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ (ਸ਼.ਭ.ਸ. ਨਗਰ) ਵਿਖੇ 'ਨਸ਼ਾ ਮੁਕਤ ਪੰਜਾਬ, ਜਾਗਰੂਕਤਾ ਸੈਮੀਨਾਰ' ਦੀਆਂ ਤਸਵੀਰਾਂ




